



# ਕੋਈ ਵੀ ਚੀਜ਼ ਕੀਰਤਨ ਦੀ ਆਵਾਜ਼ ਵਿੱਚ ਰੁਕਾਵਟ ਨਾ ਪਾਵੇ ਨੂੰ ਧਿਆਨ ਵਿੱਚ ਰੱਖ ਕੇ ਹਰਿਮੰਦਰ ਸਾਹਿਬ ਦੇ ਭਵਨ ਨਿਰਮਾਣ ਦੀ ਸਿਰਜਨਾ ਹੋਈ

ਗਿਆਨੀ ਹਰਬੰਸ ਸਿੰਘ ਤੇਗ

ਕੋਈ ਵੀ ਚੀਜ਼ ਕੀਰਤਨ ਦੀ ਆਵਾਜ਼ ਵਿੱਚ ਰੁਕਾਵਟ ਨਾ ਪਾਵੇ ਨੂੰ ਧਿਆਨ ਵਿੱਚ ਰੱਖ ਕੇ ਹਰਿਮੰਦਰ ਸਾਹਿਬ ਦੇ ਭਵਨ ਨਿਰਮਾਣ ਦੀ ਸਿਰਜਨਾ ਹੋਈ

ਅੱਜ ਤੋਂ ਲਗਪਗ ਸਾਢੇ ਚਾਰ ਸੌ ਸਾਲ ਪਹਿਲੇ ਜਿਸ ਵਕਤ ਹਰਿਮੰਦਰ ਸਾਹਿਬ ਦੀ ਸਿਰਜਨਾ ਹੋਈ ਸੀ। ਉਸ ਸਮੇਂ ਆਵਾਜ਼ ਨੂੰ ਉੱਚਾ ਕਰਨ ਲਈ ਲਾਊਡ ਸਪੀਕਰ ਆਦਿ ਨਹੀਂ ਹੁੰਦੇ ਸਨ। ਮਨੁੱਖ ਆਪਣੀ ਗੱਲ ਨੂੰ ਦੂਜਿਆਂ ਤਕ ਪਹੁੰਚਾਣ ਲਈ ਆਪਣੇ ਗਲੇ ਦੇ ਜ਼ੋਰ 'ਤੇ ਹੀ ਨਿਰਭਰ ਕਰਦਾ ਸੀ। ਗੁਰੂ ਅਰਜਨ ਸਾਹਿਬ ਨੇ ਜਦ 500 ਫੁਟ ਲੰਮੇ ਤੇ 490 ਫੁਟ ਚੌੜੇ ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਸਾਹਿਬ ਦੀ ਸਾਜਨਾ ਕੀਤੀ ਤਾਂ ਉਨ੍ਹਾਂ ਨੇ ਜਿਥੇ ਇਸ ਅਦਭੁਤ ਅਸਥਾਨ ਦੇ ਕਈ ਹੋਰ ਪਹਿਲੂਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਉਥੇ ਇਸ ਗੱਲ ਨੂੰ ਵੀ ਧਿਆਨ 'ਚ ਰਖਿਆ ਕਿ ਹਰਿਮੰਦਰ ਸਾਹਿਬ ਦੇ ਅੰਦਰ ਅਤੇ ਬਾਹਰ ਲਗਦੀ ਪਰਕਰਮਾ ਵਿਚ ਬੈਠੀ ਸੰਗਤ ਤੋਂ ਇਲਾਵਾ ਜੇ ਹੋ ਸਕੇ ਤਾਂ ਸਰੋਵਰ ਦੇ ਕੰਢਿਆਂ ਤੇ ਬੈਠੇ ਸ਼ਰਧਾਲੂ ਵੀ ਕੀਰਤਨ ਦੀ ਆਵਾਜ਼ ਪਹੁੰਚ ਸਕੇ।

ਇਸ ਲਈ ਉਨ੍ਹਾਂ ਨੇ ਧੁਨੀ ਸਿਸਟਮ ਦੀ ਮਹਾਨਤਾ ਨੂੰ ਮੁੱਖ ਰਖਦਿਆਂ ਹੋਇਆਂ ਹਰਿਮੰਦਰ ਭਵਨ ਨਿਰਮਾਣ ਨੂੰ ਉਸ ਦੇ ਬਿਲਕੁਲ ਅਨੁਕੂਲ ਬਣਾਇਆ। ਭਵਨ ਦੀ ਉਚਾਈ ਬਾਰੀਆਂ ਦਰਵਾਜ਼ਿਆਂ ਦੀ ਲੰਬਾਈ ਚੌੜਾਈ ਤੇ ਉਚਾਈ ਦਾ ਧੁਨੀ ਤਕਨੀਕ ਦੇ ਪਖੋਂ ਪੂਰਾ ਪੂਰਾ ਹਿਸਾਬ ਰੱਖਿਆ ਗਿਆ। ਇਕ ਦਿਵਾਰ ਦਾ ਦੂਜੀ ਦੀਵਾਰ ਤੋਂ ਫਾਸਲਾ ਇਤਨਾ ਹੀ ਰਖਿਆ ਗਿਆ ਕਿ ਕੋਈ ਵੀ ਚੀਜ਼ ਕੀਰਤਨ ਦੀ ਆਵਾਜ਼ ਵਿੱਚ ਰੁਕਾਵਟ ਨਾ ਪਾਵੇ ਨਾ ਤਾਂ ਇਮਾਰਤੀ ਢਾਂਚੇ ਕਾਰਨ ਆਵਾਜ਼ ਫਟੇ ਨਾ ਹੀ ਗੂੰਜੇ ਸਗੋਂ ਹੋਰ ਮੁਲਾਇਮ ਹੋਕੇ ਵਧੇਰੇ ਸੁਰੀਲੀ ਹੋ ਜਾਵੇ। ਇਹ ਸਾਰਾ ਕਾਰਜ ਆਪਣੇ ਆਪ ਵਿਚ ਬਹੁਤ ਤਕਨੀਕੀ ਪ੍ਰਕਾਰ ਦਾ ਸੀ। ਸਰੋਤਿਆਂ ਨੂੰ ਇਵੇਂ ਮਹਿਸੂਸ ਹੁੰਦਾ ਸੀ ਕਿ ਇਲਾਹੀ ਬਾਨੀ ਦੇ ਮਨਮੋਹਕ ਕੀਰਤਨ ਦੀਆਂ ਧੁਨਾਂ ਆਕਾਸ਼ੋਂ ਉਤਰ ਕੇ ਵਾਤਾਵਰਣ ਨੂੰ ਰੱਬੀ ਪਿਆਰ ਨਾਲ ਭਰ ਰਹੀਆਂ ਹਨ। ਗੁਰੂ ਅਰਜਨ ਦੇਵ ਜੀ ਖੁੱਦ ਵੀ ਕੀਰਤਨ ਕਰਕੇ ਇਲਾਹੀ ਰੰਗ ਬੰਨ ਦੇਂਦੇ ਸਨ। ਉਨ੍ਹਾਂ ਨਾਲ ਜੋੜੀ ਤੇ ਸੰਗਤ ਭਾਈ ਗੁਰਦਾਸ ਜੀ ਕਰਦੇ ਸਨ ਅਤੇ ਬਾਬਾ ਬੁੱਢਾ ਜੀ ਰਬਾਬ ਵਜਾਉਂਦੇ ਸਨ। ਗੁਰੂ ਅਰਜਨ ਦੇਵ ਜੀ ਦੇ ਜੀਵਨ ਕਾਲ ਵਿਚ 7 ਕੀਰਤਨੀ ਜੱਥਿਆ ਵਿੱਚੋਂ 6 ਮੁਸਲਮਾਨ ਰਬਾਬੀ ਦਰਬਾਰ ਸਾਹਿਬ ਕੀਰਤਨ ਦੀ ਸੇਵਾ ਨਿਭਾਉਂਦੇਂ ਸਨ। ਸੰਨ 1900 ਦੇ ਆਸ ਪਾਸ 15 ਕੀਰਤਨੀ ਜਥੇ ਕੀਰਤਨ ਦੀ ਸੇਵਾ ਨਿਭਾਉਂਦੇ ਹੁੰਦੇ ਸਨ। ਕਹਿੰਦੇ ਹਨ ਜਦ ਭਾਈ ਮਨਸ਼ਾ ਸਿੰਘ ਜੀ ਕੀਰਤਨ ਕਰਦੇ ਸਨ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਨੇਤਰ ਗੁਰੂ ਦੇ ਸਤਿਕਾਰ ਵਿਚ ਨਮ ਹੋ ਜਾਂਦੇ ਸਨ। ਉਹ ਕੀਰਤਨ ਨੂੰ ਆਪਣੇ ਪ੍ਰਭੂ ਨਾਲ ਸੁਰ ਮਈ ਗੱਲਾਂ ਕਰਨ ਸਮਾਨ ਸਮਝਦੇ ਸਨ। ਦਰਬਾਰ ਸਾਹਿਬ ਦੇ ਕੀਰਤੀਏ ਵਡੇ ਵਡੇ ਸਰਦਾਰਾਂ ਦੀਆ ਹਵੇਲੀਆਂ ਵਿੱਚ ਕੀਰਤਨ ਕਰਨ ਦੀਆਂ ਪੇਸ਼ਕਸ਼ਾਂ ਇਹ ਕੇ ਠੁਕਰਾ ਦਿੰਦੇ ਕਿ ਉਹ ਤਾਂ ਦਰਬਾਰ ਸਾਹਿਬ ਵਿਚ ਹੀ ਆਪਣਾ ਗਲਾ ਖੋਲਣਗੇ। ਉਨਾਂ ਦੀ ਇਸ ਅਸਥਾਨ ਦੇ ਜਸ ਗਾਇਣ ਕਰਨ ਲਈ ਹੀ ਬੈ ਹੋਈ ਪਈ ਹੈ। ਇਕ ਦਿਨ ਸੰਗਤਾਂ ਨੇ ਮਹਾਰਾਜੇ ਨੂੰ ਸਹਿਜ ਸੁਭਾਏ ਇਹ ਕਿਹਾ ਕਿ ਭਾਈ ਮਨਸ਼ਾ ਸਿੰਘ ਵਰਗਾ ਰਾਗੀ ਹੋਣਾ ਬੜੀ ਮਹਾਨ ਗੱਲ ਹੈ ਪਰ ਉਸ ਉੱਤੇ ਗਰੀਬੀ ਦਾ ਬੋਝ ਹੈ। ਜਿਸ ਕਾਰਣ ਉਹ ਸਖਤ ਮੰਦਹਾਲੀ ਵਿੱਚ ਜੀਵਨ ਬਤੀਤ ਕਰ ਰਿਹਾ ਹੈ। ਮਹਾਰਾਜੇ ਨੇ ਜਦ ਇਹ ਗੱਲ ਸੁਣੀ ਤਾਂ ਉਸੇ ਵਕਤ ਭਾਈ ਮਨਸ਼ਾ ਸਿੰਘ ਦੇ ਅਰ ਪਹੁੰਚ ਗਿਆ ਦਰਵਾਜਾ ਖੜਕਾਣ ਤੇ ਮਨਸ਼ਾ ਸਿੰਘ ਨੂੰ ਦਸਿਆ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਉਸਦੀ ਮੱਦਦ ਕਰਨ ਲਈ ਆਇਆ ਹੈ। ਮਨਸ਼ਾ ਸਿੰਘ ਨੇ ਬੂਹਾ ਨਾ ਖੋਲਿਆ ਅਤੇ ਅਦਰੋਂ ਹੀ ਬੜੇ ਨਿਮਰ ਨਾਲ ਮਹਾਰਾਜੇ ਦਾ ਧੰਨਵਾਦ ਕਰ ਦਿੱਤਾ। ਮਹਾਰਾਜੇ ਨੇ ਤੁਰੰਤ ਅਨੁਮਾਨ ਲਗਾ ਲਿਆ ਕਿ ਗੁਰੂ ਦੀ ਸ਼ਰਨ ਵਿੱਚ ਜੀਂਦਾ ਮਨੁੱਖ ਅੰਦਰੋਂ ਬਾਹਰੋਂ ਕਿਤਨਾ ਰੱਜਿਆ ਹੋਇਆ ਅਤੇ ਤ੍ਰਿਪਤੀ ਹੁੰਦਾ ਹੈ।



ਇਕ ਵਾਰ ਰਬਿੰਦਰ ਨਾਥ ਟੈਗੋਰ ਨੇ ਦਰਬਾਰ ਸਾਹਿਬ ਭਾਈ ਸੁੰਦਰ ਸਿੰਘ ਦਾ ਕੀਰਤਨ ਸੁਣਿਆ ਤਾਂ ਉਹ ਕੀਰਤਨ ਦਾ ਦਿਵਾਨਾ ਹੋ ਗਿਆ । ਉਸਨੇ ਭਾਈ ਸੁੰਦਰ ਜੀ ਨੂੰ ਬੇਨਤੀ ਕੀਤੀ ਕਿ ਉਹ ਉਸਦੀ ਠਹਿਰ ਵਾਲੀ ਥਾਂ ਤੇ ਆਕੇ ਕੁਝ ਸਮਾਂ ਕੀਰਤਨ ਸੁਣਾ ਜਾਵੇ ਪਰ ਭਾਈ ਸਾਹਿਬ ਨੇ ਕਹਿ ਭੇਜਿਆ ਕਿ ਜੇਕਰ ਟੈਗੋਰ ਨੇ ਸੁੰਦਰ ਸਿੰਘ ਦਾ ਕੀਰਤਨ ਸਣਨਾ ਹੈ ਤਾ ਉਸਨੂੰ ਦਰਬਾਰ ਸਾਹਿਬ ਹੀ ਆਣਾ ਪਵੇਗਾ। ਬੰਗਾਲ ਵਾਪਿਸ ਜਾਣ ਲਗਿਆ ਉਸ ਨੇ ਕਿਹਾ ਕਿ ਜੇਕਰ ਭਾਈ ਸੁੰਦਰ ਸਿੰਘ ਦਰਬਾਰ ਸਾਹਿਬ ਵਿਚ ਕੀਰਤਨ ਦੀ ਸੇਵਾ ਨਾ ਕਰਦੇ ਹੁੰਦੇ ਤਾਂ ਮੈਂ ਇਹਨਾਂ ਨੂੰ ਚੁੱਕ ਕੇ ਅਪਣੇ ਨਾਲ ਲੈ ਜਾਂਦਾ। ਹੁਣ ਦਰਬਾਰ ਸਾਹਿਬ ਅਤਿ ਆਧੁਨਿਕ ਧੁਨੀ ਸਿਸਟਮ ਫਿਟ ਹੈ ਜਿਹੜਾ ਹੋਲੀ ਜਿਹੀ ਆਵਾਜ਼ ਨੂੰ ਬੜਾ ਸੂਖਮ ਮੁਲਿਇਮ ਤੇ ਸੁਰੀਲਾ ਬਣਾ ਕੇ ਸਾਰੇ ਪਰੀਸਰ ਵਿਚ ਇਵੇਂ ਖਿੜਾ ਦਿੰਦਾ ਹੈ ਜਿਵੇ ਹਵਾ ਦਾ ਇਕ ਝੌਕਾਂ ਫੁੱਲਾਂ ਦੀ ਮਹਿਕ ਨੂੰ ਸਭ ਪਾਸੇ ਖਿਲਾਰ ਦਿੰਦਾ ਹੈ। ਜਿਨਾਂ ਸੰਗਤਾਂ ਨੇ ਅਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਦੇ ਦਰਬਾਰ ਸਾਹਿਬ ਵੱਲ ਪਧਾਰਨ ਦੇ ਨਜਾਰੇ ਦੇ ਦਰਸ਼ਨ ਕੀਤੇ ਨੇ ਉਨਾਂ ਨੂੰ ਪਤਾ ਹੋਵੇਗਾ ਕਿ ਪਾਲਕੀ ਸਾਹਿਬ ਦੇ ਅੱਗੇ ਇਕ ਨੌਜਵਾਨ ਸ਼ਰਧਾਵਾਨ ਸਿੰਘ ਪੂਰੇ ਜ਼ੋਰ ਨਾਲ ਨਰਸਿੰਘਾ ਵਜਾਂਦਾ ਹੈ। ਜਦ ਉਸਦੇ ਨਰਸਿੰਘੇ ਦੀ ਆਵਾਜ਼ ਹਰਿਮੰਦਰ ਸਾਹਿਬ ਦੀਆਂ ਦਿਵਾਰਾਂ ਨਾਲ ਛੂੰਹਦੀ ਹੈ ਤਾਂ ਵਿਸਮਾਦੀ ਰੰਗ ਬੰਨ ਦਿੰਦੀ ਹੈ। ਇਵੇਂ ਲਗਦਾ ਹੈ ਕਿ ਪ੍ਰਮਾਤਮਾ ਖੁਦ ਗੁਰੂ ਗੰਥ ਸਾਹਿਬ ਜੀ ਦੇ ਸਤਿਕਾਰ ਵਿਚ ਆਪ ਆਕਾਸ਼ ਇਸ ਅਨਾਦੀ ਨਾਦ ਦਾ ਵਰਦਾਨ ਕਰ ਰਿਹਾ ਹੋਵੇ।

## ਹੀਰੇ ਦੇ ਨਾਲ ਨਾਲ ਕੋਹਿਨੂਰ ਵਰਗੀ ਸਹਿਜ਼ਾਦੀ ਵੀ ਖੁੱਸ ਗਈ ਸਿੱਖ ਕੌਮ ਤੋਂ

ਪੰਜਾਬੀਆਂ ਹੱਥੋਂ ਸਿਰਫ ਮਹਾਰਾਜਾ ਰਣਜੀਤ ਸਿੰਘ ਵਰਗਾ ਸ਼ਾਸ਼ਕ, ਉਹਨਾਂ ਦਾ ਸਮੁੱਚਾ ਪਰਿਵਾਰ ਜਾਂ ਕੋਹਿਨੂਰ ਹੀਰਾ ਹੀ ਨਹੀਂ ਖੁੱਸਿਆ ਸਗੋਂ ਕੋਹਿਨੂਰ ਹੀਰੇ ਵਰਗੀ ਉਹਨਾਂ ਦੀ ਪੁੱਤਰੀ ਸ਼ਹਿਜ਼ਾਦੀ ਸੋਫ਼ੀਆ ਵੀ ਇਤਿਹਾਸ ਦੇ ਪੰਨਿਆਂ ਉੱਪਰ ਪਈ ਗਰਦ ਨੇ ਸਿੱਖ ਕੌਮ ਤੋਂ ਪਰਦੇ ਪਿੱਛੇ ਛਿਪਾਈ ਰੱਖੀ ਹੈ। ਇਸ ਗੱਲ ਦਾ ਰੰਜ ਹਮੇਸ਼ਾ ਰਹੇਗਾ ਕਿ ਇਤਿਹਾਸਕਾਰਾਂ ਨੇ ਮਹਾਰਾਜਾ ਦਲੀਪ ਸਿੰਘ ਦੀ ਪੰਜਵੀਂ ਔਲਾਦ ਧੀ ਸੋਫ਼ੀਆ ਵਰਗੀ ਕਰਾਂਤੀਕਾਰੀ ਕੁੜੀ ਨੂੰ ਲੋਕਾਂ ਨਾਲ ਰੂਬਰੂ ਨਹੀਂ ਕਰਵਾਇਆ।



1876 ਵਿੱਚ ਇੰਗਲੈਂਡ ਚ ਜੰਮੀ ਪਲੀ ਸੋਫੀਆ ਜਵਾਨੀ ਦੀ ਦਹਿਲੀਜ਼ ਤੇ ਪੈਰ ਧਰ ਰਹੀ ਸੀ ਕਿ ਪੰਜਾਬ ਦੇ ਆਖਰੀ ਸ਼ਾਸ਼ਕ ਮਹਾਰਾਜਾ ਦਲੀਪ ਸਿੰਘ ਪੈਰਿਸ ਦੇ ਇੱਕ ਹੋਟਲ ਵਿੱਚ ਇਕੱਲੇ ਹੀ ਮੌਤ ਨਾਲ ਦੋ ਹੱਥ ਕਰਦੇ ਬਾਜ਼ੀ ਹਾਰ ਗਏ। ਸੋਫ਼ੀਆ ਨੂੰ ਮਹਾਰਾਣੀ ਵਿਕਟੋਰੀਆ ਦੀ ਧਰਮ ਧੀ ਹੋਣ ਦਾ ਮਾਣ ਸੀ ਅਤੇ ਉਹ ਪਹਿਲੀ ਔਰਤ ਸੀ ਜਿਸਨੂੰ ਬਿਨਾਂ ਰੋਕ ਸ਼ਾਹੀ ਦਰਬਾਰ ਚ ਜਾਣ ਦੀ ਇਜ਼ਾਜਤ ਸੀ। ਉਸਦੀ ਲਿਆਕਤ ਅਤੇ ਸਲੀਕੇ ਦਾ ਗੁਣ ਹੀ ਸਭ ਦਾ ਧਿਆਨ ਉਸ ਵੱਲ ਖਿੱਚਦਾ ਸੀ। ਉਸਦੀ ਜ਼ਿੰਦਗੀ ਵਿੱਚ ਆਪਣੇ ਪਰਿਵਾਰਕ ਪਿਛੋਕੜ ਬਾਰੇ ਜਾਨਣ ਦਾ ਮੌਕਾ 1903 ਵਿੱਚ ਆਇਆ ਜਦ ਉਹ ਦਿੱਲੀ ਦਰਬਾਰ ਅਤੇ ਬਾਦ 'ਚ ਲਾਹੌਰ ਗਈ।

ਆਪਣੇ ਦਾਦੇ ਦੇ ਰਾਜ ਭਾਗ ਬਾਰੇ ਜਾਨਣ ਤੇ ਉਸਨੇ ਮਹਿਸੂਸ ਕਰਨਾ ਸ਼ੁਰੂ ਕੀਤਾ ਕਿ ਉਹ ਅੰਗਰੇਜ਼ ਨਹੀਂ ਹੈ। ਉਸਨੂੰ ਜਦੋਂ ਕੋਹਿਨੂਰ ਹੀਰੇ ਤੱਕ ਦੇ ਬਰਤਾਨਵੀ ਹੱਥਾਂ ਚ ਜਾਣ ਬਾਰੇ ਪਤਾ ਲੱਗਾ ਤਾਂ ਇਸ ਉਪਰੰਤ ਉਸਦੇ ਵਿਚਾਰਾਂ ਵਿੱਚ ਖਾੜਕੂ ਤਬਦੀਲੀ ਆਈ। ਉਸਨੂੰ ਸ਼ਾਹੀ ਐਸ਼ੋ ਇਸ਼ਰਤ ਵਾਲੀ ਜ਼ਿੰਦਗੀ ਸੂਲਾਂ ਵਾਂਗ ਚੁਭਣ ਲੱਗੀ ਤੇ ਉਸਨੇ ਤੋਪਖਾਨੇ ਦੇ ਅਣਥੱਕ ਸਿਪਾਹੀਆਂ, ਸਮੁੰਦਰੀ ਜਹਾਜਾਂ ਤੇ ਸੇਵਾ ਨਿਭਾਉਂਦੇ ਸਿਪਾਹੀਆਂ ਦੇ ਰੈਣ ਬਸੇਰੇ ਬਨਾਉਣ ਲਈ ਖੈਰਾਤੀ ਕਾਰਜ ਆਰੰਭੇ ਤਾਂ ਜੋ ਉਹਨਾਂ ਲਈ ਧਨ ਇਕੱਠਾ ਕੀਤਾ ਜਾ ਸਕੇ। ਇਹਨਾਂ ਸਿਪਾਹੀਆਂ ਵਿੱਚ ਵਧੇਰੇ ਗਿਣਤੀ ਭਾਰਤੀਆਂ ਜਾਂ ਚੀਨੀ ਲੋਕਾਂ ਦੀ ਹੁੰਦੀ ਸੀ। ਆਪਣੀ ਪਿਤਾ ਪੁਰਖੀ ਧਰਤੀ ਦੀ ਖਿੱਚ ਉਸਨੂੰ ਮੁੜ 1907 ਵਿੱਚ ਭਾਰਤ ਲੈ ਆਈ।

ਰੇਡੀਓ ਤੇ ਟੈਲੀਵਿਜਨ ਪੱਤਰਕਾਰ ਅਨੀਤਾ ਆਨੰਦ ਵੱਲੋਂ ਰਚਿਤ ਪੁਸਤਕ "ਸੋਫੀਆ, ਪ੍ਰਿੰਸਿਸ, ਸਫਰਜੈੱਟ ਰੈਵੋਲਿਊਸ਼ਨਰੀ" ਚ ਇਹਨਾਂ ਸਭ ਗੁੱਝੇ ਭੇਦਾਂ ਦਾ ਵਰਨਣ ਬਾਖੂਬੀ ਕੀਤਾ ਹੈ। ਆਨੰਦ ਨੇ ਅੰਕਿਤ ਕੀਤਾ ਹੈ ਕਿ ਕਿਸੇ ਵੇਲੇ ਗੋਡਿਆਂ ਪਰਨੇ ਝੁਕ ਕੇ ਰਾਣੀ ਨੂੰ ਪ੍ਰਣਾਮ ਕਰਨ ਵਾਲੀ ਇਹ ਸ਼ਹਿਜ਼ਾਦੀ ਅਸਲੀਅਤ ਜਾਨਣ ਤੋਂ ਬਾਦ ਇਹ ਸੋਚਣ ਲੱਗ ਪਈ ਸੀ ਕਿ "ਅੰਗਰੇਜੀ ਰਾਜ ਦਾ ਸੂਰਜ ਕਿਵੇਂ ਅਸਤ ਹੋਵੇ?" ਭਾਰਤ ਦੇ ਆਜ਼ਾਦੀ ਜਸ਼ਨਾਂ ਤੋਂ ਇੱਕ ਸਾਲ ਬਾਦ ਇਸ ਜਹਾਨੋਂ ਰੁਖਸਤ ਹੋਈ ਸੋਫ਼ੀਆ ਇਹ ਸ਼ਿਕਵਾ ਲੈ ਕੇ ਤੁਰ ਗਈ ਕਿ ਇਤਿਹਾਸਕਾਰਾਂ ਨੇ ਉਸ ਨਾਲ ਪੂਰਨ ਇਨਸਾਫ ਨਹੀਂ ਕੀਤਾ।

-ਮਨਦੀਪ ਖੁਰਮੀ

## ਐਬਟਸਫੋਰਡ ਦਾ ਸਿੱਖ ਮਿਊਜ਼ੀਅਮ ਸਭ ਤੋਂ ਪ੍ਰਭਾਵਸ਼ਾਲੀ ਮਿਊਜ਼ੀਅਮਾਂ 'ਚ ਸ਼ਾਮਲ




ਐਬਟਸਫੋਰਡ ਮਿਊਜ਼ੀਅਮ ਖਾਲਸਾ ਦੀਵਾਨ ਸਸਾਇਟੀ ਦੀ ਪੁਰਾਣੀ ਬਿਲਡਿੰਗ ਹੈਰੀਟੇਜ਼ ਸਿੱਖ ਗੁਰਦੁਆਰਾ ਸਾਹਿਬ ਦੇ ਅੰਦਰ ਸਥਿਤ ਸਿੱਖ ਮਿਊਜ਼ੀਅਮ ਸਭ ਤੋਂ ਪ੍ਰਭਾਵਸ਼ਾਲੀ ਮਿਊਜ਼ੀਅਮਾਂ 'ਚ ਸ਼ਾਮਲ ਹੋ ਗਿਆ ਹੈ।

ਕੈਨੇਡਾ ਦੇ ਐਬਟਸਫੋਰਡ ਵਿਖੇ ਸਥਿਤ ਇਸ ਮਿਊਜ਼ੀਅਮ ਨੂੰ 2016 ਦੇ ਕੈਨੇਡਾ ਦੇ ਸਭ ਤੋਂ ਪ੍ਰਭਾਵਸ਼ਾਲੀ ਮਿਊਜ਼ੀਅਮ ਦੇ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਹੈ। ਪਹਿਲੇ ਵਿਸ਼ਵ ਯੁੱਧ ਵਿਚ ਕੈਨੇਡੀਅਨ ਸਿੱਖਾਂ ਵੱਲੋਂ ਦਿੱਤੇ ਗਏ ਯੋਗਦਾਨ 'ਤੇ ਲਗਾਈ ਗਈ ਪ੍ਰਦਰਸ਼ਨੀ ਕਾਰਨ ਇਸ ਮਿਊਜ਼ੀਅਮ ਨੇ ਬੀ.ਸੀ. ਮਿਊਜ਼ੀਅਮ ਐਸੋਸੀਏਸ਼ਨ ਵੱਲੋਂ ਐਵਾਰਡ ਆਫ ਮੈਰਿਟ ਜਿੱਤਿਆ।

ਲੇਖਕ ਸਹਿਬਾਨ ਨੋਟ ਕਰਨ
ਮਹਿਕ ਵਤਨ ਦੀ ਲਾਈਵ ਵੱਲੋਂ ਵੈਬਸਾਈਟ ਐਡੀਸ਼ਨ ਤੇ
ਖੇਤੀ ਬਾੜੀ ਅਤੇ ਸਿਖਿਆ ਸੰਸਾਰ
ਕਾਲਮ ਸ਼ੁਰੂ ਕੀਤਾ ਗਿਆ ਹੈ।
ਖੇਤੀ ਬਾੜੀ ਅਤੇ ਸਿਖਿਆ ਸੰਸਾਰ ਨਾਲ ਸਬੰਧਤ ਮੈਂਟਰ ਹੇਠ ਦਿੱਤੇ ਈ-ਮੇਲ ਅਡਰੈਸ ਤੇ ਭੇਜ ਸਕਦੇ ਹੋ।
chief_editor@mehakwatandilive.com
or mehakwattandi@rediffmail.com